ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030314
Available online at: www.armaan.org.in
DOI: https://doi.org/10.64119/armaan.vol.3.issue3.14

# ਸੋਸ਼ਲ ਮੀਡੀਆ 'ਤੇ ਮੌਜੂਦ ਪੰਜਾਬੀ ਕਵਿਤਾ ਦਾ ਰੂਪ ਪੱਖ: ਇਕ ਅਧਿਐਨ

# SOCIAL MEDIA 'TE MAUJOOD PUNJABI KAVITA DA ROOP PAKH: IK ADHIYAN

**ਰਮਨਦੀਪ ਕੌਰ** (Ramandeep Kaur)

**ਖੋਜਾਰਥੀ** (Research Scholar), **ਹਿਊਮੈਨੀਟੀਜ਼, ਭਾਸ਼ਾਵਾਂ ਤੇ ਸਭਿਆਚਾਰਕ ਅਧਿਐਨ ਵਿਭਾਗ,**

**ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ (ਪੰਜਾਬ)**

Email ID: ramanjhand1313@gmail.com **ਮੋਬਾਈਲ:** +91- 98145-98279

**ਸਾਰ (Abstract)**

*ਇੱਕੀਵੀਂ ਸਦੀ ਦੇ ਇਸ ਦੌਰ ਵਿਚ ਸੋਸ਼ਲ ਮੀਡੀਆ ਭਾਵੇਂ ਇਕ ਨਵਾਂ ਸੰਕਲਪ ਹੈ ਪਰ ਕਵਿਤਾ ਪ੍ਰਾਚੀਨ ਸਮੇਂ ਤੋਂ ਹੀ ਮਨੁੱਖੀ ਜਜ਼ਬਾਤਾਂ ਨੂੰ ਪ੍ਰਗਟਾਉਣ ਦਾ ਅਹਿਮ ਵਸੀਲਾ ਰਹੀ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਆਉਣ ਕਾਰਨ ਕਵਿਤਾ ਨੂੰ ਤਕਨਾਲੋਜੀ ਨਾਲ ਭਰਭੂਰ ਨਵੀਂ ਦਿੱਖ ਮਿਲੀ ਹੈ। ਸੋਸ਼ਲ ਮੀਡੀਆ ਨੇ ਅਜੋਕੇ ਯੁੱਗ ਵਿੱਚ ਸੰਚਾਰ, ਸੂਚਨਾ ਅਤੇ ਸਾਹਿਤ ਦਰਮਿਆਨ ਸੰਬੰਧਾਤਮਿਕਤਾ ਪੈਦਾ ਕਰਕੇ ਸਾਹਿਤ ਦੇ ਪ੍ਰਸਾਰ ਸੰਬੰਧੀ ਕੇਂਦਰੀ ਮੰਚ ਵਜੋਂ ਭੂਮਿਕਾ ਨਿਭਾਈ ਹੈ। ਵਿਸ਼ਵੀਕਰਨ ਅਤੇ ਤਕਨਾਲੋਜੀਕਰਨ ਨੇ ਸਾਹਿਤ ਦੀਆਂ ਛੋਟੀਆਂ ਪਰ ਪ੍ਰਭਾਵਸ਼ਾਲੀ ਰਚਨਾਵਾਂ ਵੱਲ ਪਾਠਕ ਵਰਗ ਦਾ ਧਿਆਨ ਕੇਂਦਰਿਤ ਕੀਤਾ ਹੈ। ਕਵਿਤਾ ਦੀ ਪੇਸ਼ਕਾਰੀ ਸੋਸ਼ਲ ਐਪਲੀਕੇਸ਼ਨਜ਼ ਉੱਪਰ ਹੋਣ ਕਾਰਨ ਇਸ ਨੂੰ ਪੜ੍ਹਨ, ਲਿਖਣ ਅਤੇ ਪ੍ਰਕਾਸ਼ਿਤ ਕਰਨ ਦੇ ਪਰੰਪਰਾਗਤ ਢੰਗ-ਤਰੀਕੇ ਵੀ ਬਦਲ ਗਏ ਹਨ। ਜਿੱਥੇ ਪਹਿਲਾਂ ਕਵਿਤਾ ਕੇਵਲ ਮੌਖਿਕ (ਕਵੀ ਦਰਬਾਰਾਂ ਵਿਚ) ਅਤੇ ਲਿਖਤੀ (ਕਿਤਾਬੀ ਰੂਪ ਵਿਚ) ਰੂਪ ਵਿਚ ਹੀ ਮਿਲਦੀ ਸੀ ਅੱਜ ਉੱਥੇ ਕਵਿਤਾ ਦੇ ਨਵੇਂ ਰੂਪ ਸਾਹਮਣੇ ਆ ਰਹੇ ਹਨ। ਇਸ ਸਮੁੱਚੀ ਕਵਿਤਾ ਨੂੰ ਈ-ਕਵਿਤਾ ਦੀ ਵੰਨਗੀ ਵਿਚ ਰੱਖ ਕੇ ਵਿਚਾਰਿਆ ਗਿਆ ਹੈ। ਜਿਸਨੂੰ ਅੱਗੋਂ ਹੋਰ ਸ਼੍ਰੇਣੀਆਂ ਦੇ ਅੰਤਰਗਤ ਵਰਗੀਕ੍ਰਿਤ ਕੀਤਾ ਗਿਆ ਹੈ। ਜਿਵੇਂ ਸ਼ਾਬਦਿਕ ਰੂਪ ਵਾਲੀ ਜਾਂ ਲਿਖਤ ਕਵਿਤਾ, ਆਡੀਓ ਰੂਪ ਵਿਚ ਕਵਿਤਾ ਦੀ ਪੇਸ਼ਕਾਰੀ (ਰਿਕਾਰਡਿੰਗ ਦੇ ਰੂਪ ਵਿਚ ਕਵਿਤਾ ਦੀ ਪੇਸ਼ਕਾਰੀ), ਵੀਡੀਓ ਰੂਪ ਵਿਚ ਕਵਿਤਾ ਦੀ ਪੇਸ਼ਕਾਰੀ, ਫ਼ੋਟੋਗ੍ਰਾਫ਼ੀ ਜਾਂ ਤਸਵੀਰ ਰੂਪ ਕਵਿਤਾ (ਕਿਸੇ ਈਮੇਜ਼ ਉੱਪਰ ਕਵਿਤਾ ਦੀਆਂ ਸੰਖੇਪ ਪੰਕਤੀਆਂ/ਸਤਰਾਂ ਨੂੰ ਲਿਖਣਾ), ਮਲਟੀ ਮੀਡੀਆ ਰੂਪ ਕਵਿਤਾ। ਇਸ ਖੋਜ-ਪੱਤਰ ਅਧੀਨ ਸੋਸ਼ਲ ਮੀਡੀਆ ਉੱਪਰ ਮੌਜੂਦ ਪੰਜਾਬੀ ਕਵਿਤਾ ਦੇ ਨਵੀਨ ਰੂਪ, ਪ੍ਰਕਿਰਤੀ, ਸ਼ੈਲੀ ਅਤੇ ਪਹੁੰਚ ਪੱਖ ਤੋਂ ਭਵਿੱਖਮੁਖੀ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪ੍ਰਸਤੁਤ ਅਧਿਐਨ ਦਰਸਾਉਂਦਾ ਹੈ ਕਿ ਸੋਸ਼ਲ ਮੀਡੀਆ ਨੇ ਜਿੱਥੇ ਕਵਿਤਾ ਨੂੰ ਡਿਜੀਟਲ ਦਿੱਖ ਪ੍ਰਦਾਨ ਕਰਕੇ ਲੋਕਪ੍ਰਿਯ ਬਣਾਇਆ ਹੈ ਉੱਥੇ ਹੀ ਕਵੀਆਂ ਨੂੰ ਆਪਣੀ ਪਛਾਣ ਸਥਾਪਿਤ ਕਰਨ, ਬੇਬਾਕ ਰੂਪ ਵਿਚ ਵਿਚਾਰ ਪੇਸ਼ ਕਰਨ ਅਤੇ ਪਾਠਕਾਂ ਨਾਲ ਸਿੱਧੀ ਸੰਵਾਦਕਤਾ ਰਚਾਉਣ ਦਾ ਮੌਕਾ ਦਿੱਤਾ ਹੈ। ਹਾਲਾਂਕਿ ਗੁਣਵੱਤਾ ਅਤੇ ਪ੍ਰਮਾਣਿਕਤਾ ਪੱਖੋਂ ਕੁਝ ਚੁਣੌਤੀਆਂ ਵੀ ਹਨ, ਪਰ ਇਹ ਸਪੱਸ਼ਟ ਹੈ ਕਿ ਸੋਸ਼ਲ ਮੀਡੀਆ ਨੇ ਪੰਜਾਬੀ ਕਵਿਤਾ ਦੇ ਘੇਰੇ ਨੂੰ ਵਿਸਤਾਰ ਅਤੇ ਵਿਕਾਸ ਲਈ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ।*

***ਕੀਵਰਡ (Keyword): ਸੋਸ਼ਲ ਮੀਡੀਆ, ਮਲਟੀ ਮੀਡੀਆ, ਡਿਜੀਟਲ, ਸੰਚਾਰ, ਸਾਧਨ, ਤਕਨਾਲੋਜੀ, ਐਪਲੀਕੇਸ਼ਨਜ਼।***

ਕਵਿਤਾ ਕਲਾ ਦਾ ਅਜਿਹਾ ਵਿਸ਼ਿਸ਼ਟ ਰੂਪ ਹੈ ਜਿਸ ਵਿਚ ਕਵੀ ਆਪਣੇ ਅਨੁਭਵ ਦਾ ਸ਼ਾਬਦਿਕ ਮਾਧਿਅਮ ਰਾਹੀਂ ਸੁਹਜਾਤਮਿਕ ਰੁਪਾਂਤਰਣ ਕਰਦਾ ਹੈ। ਕਵਿਤਾ ਸਮੇਂ, ਸਮਾਜ ਤੇ ਯਥਾਰਥ ਅਨੁਸਾਰ ਚਲਦੀ ਹੋਈ ਮਨੁੱਖੀ ਮਨ ਦੇ ਆਂਤਰਿਕ ਅਤੇ ਬਾਹਰੀ ਹਾਵਾਂ, ਭਾਵਾਂ, ਵਿਚਾਰਾਂ ਤੇ ਅਨੁਭਵਾਂ ਨੂੰ ਸ਼ਬਦਾਂ ਦੇ ਮਾਧਿਅਮ ਰਾਹੀਂ ਸੁਹਜਾਤਮਕ ਰੰਗਤ ਦੇ ਕੇ ਅਭਿਵਿਅਕਤ ਕਰਦੀ ਹੋਈ ਜ਼ਿੰਦਗੀ ਦੇ ਨਵੇਂ ਯਥਾਰਥ ਨੂੰ ਨਵੀਂ ਚੇਤਨਾ ਅਨੁਸਾਰ ਪ੍ਰਗਟਾਉਂਦੀ ਹੈ। ਕਵਿਤਾ ਦੀ ਸਿਰਜਨਾ ਵਿਚ ਸੰਰਚਨਾਵਾਂ, ਭਾਵਨਾਵਾਂ, ਵਿਚਾਰ, ਬਿੰਬ, ਪ੍ਰਤੀਕ, ਕਲਪਨਾ ਆਦਿ ਇਕ ਅਨੂਠੇ ਸੰਗਠਨ ਵਿਚ ਬੱਝੇ ਹੁੰਦੇ ਹਨ। ਇਉਂ ਧੁਨੀਆਂ ਤੋਂ ਸ਼ਬਦਾਂ, ਸ਼ਬਦਾਂ ਤੋਂ ਵਾਕੰਸ਼ਾਂ, ਵਾਕੰਸ਼ਾਂ ਤੋ ਵਾਕਾਂ ਦਾ ਰੂਪ ਅਖ਼ਤਿਆਰ ਕਰਦੀ ਹੋਈ ਕਵਿਤਾ ਕਲਾਤਮਕ ਰੂਪ ਵਿਚ ਲਿਬਰੇਜ਼ ਹੋ ਕੇ ਪਾਠਕ ਨੂੰ ਆਂਤਰਿਕ ਆਨੰਦ ਪ੍ਰਦਾਨ ਕਰਦੀ ਹੈ। ਜਦੋਂ ਭਾਸ਼ਾ ਸੰਚਾਰ ਤੋਂ ਸਿਰਜਣਾ ਤੱਕ ਦਾ ਸਫ਼ਰ ਤਹਿ ਕਰਦੀ ਹੈ ਤਾਂ ਇਹ ਕਵਿਤਾ ਰੂਪ ਵਿਚ ਪ੍ਰਗਟ ਹੁੰਦੀ ਹੈ। ਜੋ ਕਿ ਸਾਹਿਤ ਦੇ ਵਿਭਿੰਨ ਰੂਪਾਂ ਵਿਚੋਂ ਇਕ ਹੈ। ਕਵਿਤਾ ਇਕ ਅਜਿਹੀ ਸਿਰਜਣਾ ਹੈ ਜੋ ਭਾਸ਼ਾ ਰਾਹੀਂ ਸਾਕਾਰ ਹੋ ਕੇ ਵਿਲੱਖਣ ਪਛਾਣ


Received: 10 August 2025 Accepted: 28 August 2025 Published: 05 September 2025

ਸਥਾਪਿਤ ਕਰਦੀ ਹੈ। ਕਵਿਤਾ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਮੁੱਢਲੀ ਅਤੇ ਪ੍ਰਾਚੀਨ ਸ਼ਾਬਦਿਕ ਵੰਨਗੀ ਹੈ ਜੋ ਮੌਖਿਕ ਰੂਪ ਤੋਂ ਹੌਲੀ-ਹੌਲੀ ਲਿਖਤੀ ਤੇ ਲਿਖਤੀ ਤੋਂ ਆਡੀਓ-ਵਿਜ਼ੂਅਲ ਰੂਪ ਤੱਕ ਦਾ ਸਫ਼ਰ ਤਹਿ ਕਰਦੀ ਹੈ। ਭਾਵ ਕਿ ਕਵਿਤਾ ਪ੍ਰਿੰਟ ਰੂਪ ਤੋਂ ਸਕਰੀਨ ਤੱਕ ਦਾ ਸਫ਼ਰ ਤਹਿ ਕਰਦੀ ਹੈ। ਸਾਹਿਤ ਵਿਚ ਕਵਿਤਾ ਅਤੇ ਤਕਨਾਲੋਜੀ ਦੇ ਦੌਰ ਵਿਚ ਸੋਸ਼ਲ ਮੀਡੀਆ ਦੋਵੇਂ ਹੀ ਸੰਚਾਰ ਦੇ ਮਹੱਤਵਪੂਰਨ ਸਾਧਨ ਮੰਨੇ ਗਏ ਹਨ।




**ਸੋਸ਼ਲ ਮੀਡੀਆ**

ਅਜੋਕੇ ਦੌਰ ਵਿਚ ਸੋਸ਼ਲ ਮੀਡੀਆ ਸੂਚਨਾ, ਸੰਚਾਰ ਅਤੇ ਸਾਹਿਤ ਦੇ ਪਾਸਾਰ ਦੇ ਮਹੱਤਵਪੂਰਨ ਸਾਧਨ ਵਜੋਂ ਆਪਣੀ ਵਿਲੱਖਣ ਹੋਂਦ ਅਖ਼ਤਿਆਰ ਕਰ ਚੁੱਕਾ ਹੈ। ਸੋਸ਼ਲ ਮੀਡੀਆ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਹੋਈ ਹੈ, ਪ੍ਰੰਤੂ ਜਿਸ ਸੋਸ਼ਲ ਮੀਡੀਆ ਨੇ ਮਨੁੱਖੀ ਅਬਾਦੀ ਦੀ ਬਹੁਤਾਤ ਨੂੰ ਆਪਣੇ ਕਲੇਵਰ ਵਿਚ ਲਿਆ ਉਹ ਇੱਕੀਵੀਂ ਸਦੀ ਦੇ ਸ਼ੁਰੂਆਤੀ ਦੌਰ ਦੀ ਪੈਦਾਇਸ਼ ਹੈ। ਇੱਕਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਸੋਸ਼ਲ ਮੀਡੀਆ ਨੇ ਸਾਈਬਰ ਸਪੇਸ ਵਿਚ ਪ੍ਰਮੁੱਖ ਸਥਾਨ ਹਾਸਲ ਕਰ ਲਿਆ ਹੈ। ਕੰਪਿਊਟਰੀਕਰਨ 'ਤੇ ਅਧਾਰਿਤ ਇਸ ਮਾਧਿਅਮ ਨੂੰ ਵੈੱਬ ਮੀਡੀਆ, ਸਾਈਬਰ ਮੀਡੀਆ, ਇੰਟਰਨੈੱਟ ਮੀਡੀਆ ਅਤੇ ਸੋਸ਼ਲ ਮੀਡੀਆ ਆਦਿ ਅਨੇਕ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੋਸ਼ਲ ਮੀਡੀਆ ਆਨਲਾਈਨ ਤਕਨੀਕ ਅਧਾਰਿਤ ਹੋਣ ਕਾਰਨ ਬਾਕੀ ਸੰਚਾਰ ਮਾਧਿਅਮਾਂ ਨਾਲੋਂ ਵਿਲੱਖਣ ਕਿਸਮ ਦੀ ਪ੍ਰਕਿਰਤੀ ਦਾ ਧਾਰਨੀ ਹੈ। ਇਹ ਵਰਤੋਂਕਾਰ ਨੂੰ ਸਿੱਧੇ ਤੌਰ ਤੇ ਆਪਸ ਵਿਚ ਜੁੜਨ ਅਤੇ ਜੋੜਨ ਦਾ ਮੰਚ ਪ੍ਰਦਾਨ ਕਰਦਾ ਹੈ। ਇਸ ਅਧੀਨ ਲਿਖਤੀ ਢੰਗ, ਆਡੀਓ, ਵੀਡੀਓ, ਤਸਵੀਰ ਰੂਪੀ ਸੰਦੇਸ਼ ਆਦਿ ਤੋਂ ਇਲਾਵਾ ਆਡੀਓ, ਵੀਡੀਓ, ਕਾਨਫਰੰਸਿੰਗ ਕਾਲ, ਚੈਟਿੰਗ ਅਤੇ ਗਰੁੱਪ ਚੈਟਿੰਗ ਆਦਿ ਦੀ ਸੁਵਿਧਾ ਵੀ ਉਪਲਬਧ ਹੈ। ਸੋਸ਼ਲ ਮੀਡੀਆ ਦੇ ਇਸ ਵਿਸ਼ਾਲ ਦਾਇਰੇ ਅੰਦਰ ਵਿਭਿੰਨ ਐਪਲੀਕੇਸ਼ਨਜ਼ ਜਿਵੇਂ ਫੇਸਬੁੱਕ, ਇੰਸਟਾਗ੍ਰਾਮ, ਵਟਸਐਪ, ਯੂਟਿਊਬ, ਟਵਿੱਟਰ, ਪਿੰਟਰਐਸਟ, ਟਿਕ-ਟੌਕ, ਹਾਈਕ ਆਦਿ ਆਉਂਦੇ ਹਨ।




**ਸੋਸ਼ਲ ਮੀਡੀਆ ਐਪਲੀਕੇਸ਼ਨਜ਼**

ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮਾਂ ਦੇ ਮੁਕਾਬਲਤਨ ਫੇਸਬੁੱਕ, ਯੂਟਿਊਬ ਅਤੇ ਇੰਸਟਾਗ੍ਰਾਮ ਉੱਪਰ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਸਾਹਿਤਕ ਸਮੱਗਰੀ ਖ਼ਾਸ ਤੌਰ 'ਤੇ ਕਵਿਤਾ ਦੀ ਸਿਰਜਨਾ ਤੇ ਪੇਸ਼ਕਾਰੀ ਦੀ ਬਹੁਤਾਤ ਹੈ। ਨਵੀਂ ਪੀੜ੍ਹੀ, ਪੰਜਾਬੀ ਸਾਹਿਤਕਾਰ, ਪੰਜਾਬੀ ਕਵੀ ਅਤੇ ਸਧਾਰਨ ਵਰਤੋਂਕਾਰ ਵੱਡੀ ਮਾਤਰਾ ਵਿਚ ਇਹਨਾਂ ਪਲੇਟਫਾਰਮਾਂ ਦੀ ਵਰਤੋਂ ਸਾਹਿਤਕ ਕਾਰਜਾਂ ਲਈ ਕਰਦੇ ਹਨ। ਇਕ ਤਾਂ ਇਹਨਾਂ ਪਲੇਟਫਾਰਮਾਂ ਨੂੰ ਵਰਤਣਾ ਬਹੁਤ ਸੌਖਾ ਹੈ ਅਤੇ ਦੂਜਾ ਇਹਨਾਂ ਦੀ ਪਹੁੰਚ ਵਿਭਿੰਨ ਭਾਸ਼ਾਵਾਂ ਵਿਚ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਤੱਕ ਹੈ, ਦੁਨੀਆਂ ਭਰ ਵਿਚ ਲੋਕ-ਪ੍ਰਿਯ ਹਨ। ਇਹ ਪਲੇਟਫਾਰਮ ਇਮੋਜੀ, ਤਸਵੀਰਾਂ, ਅਤੇ ਵੀਡੀਓਜ਼ ਦੇ ਰੂਪ ਵਿਚ ਮਾਤ ਭਾਸ਼ਾ ਵਿੱਚ ਰਚਿਤ ਸਾਹਿਤ ਨੂੰ ਹੋਰ ਆਕਰਸ਼ਕ ਅਤੇ ਦਿਲਚਸਪ ਬਣਾ ਕੇ ਪੇਸ਼ ਕਰਦੇ ਹਨ, ਜਿਸ ਕਾਰਨ ਵਿਸ਼ਾਲ ਪਾਠਕ ਵਰਗ ਸੋਸ਼ਲ ਮੀਡੀਆ ਉੱਪਰ ਰਚਿਤ ਸਾਹਿਤ/ਕਵਿਤਾ ਵੱਲ ਰੁਚਿਤ ਹੈ। ਇਉਂ ਫੇਸਬੁੱਕ, ਯੂਟਿਊਬ ਅਤੇ ਇੰਸਟਾਗ੍ਰਾਮ ਪਲੇਟਫਾਰਮ ਪੰਜਾਬੀ ਸਾਹਿਤਕ ਸਮੱਗਰੀ ਦੀ ਸਿਰਜਨਾ, ਪੇਸ਼ਕਾਰੀ, ਪ੍ਰਚਾਰ ਅਤੇ ਪਾਸਾਰ ਵਿਚ ਵੱਡੇ ਪੱਧਰ 'ਤੇ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਉੱਪਰ ਪੰਜਾਬੀ ਸਾਹਿਤ ਦੀਆਂ ਕਾਫ਼ੀ ਵੰਨਗੀਆਂ ਵੇਖਣ ਅਤੇ ਪੜ੍ਹਨ ਨੂੰ ਮਿਲ ਜਾਂਦੀਆਂ ਹਨ ਪ੍ਰੰਤੂ ਸਭ ਤੋਂ ਵਧੇਰੇ ਸੰਤੋਖਜਨਕ ਸਥਿਤੀ ਪੰਜਾਬੀ ਕਵਿਤਾ ਦੀ ਹੈ। ਸੋਸ਼ਲ ਮੀਡੀਆ ਉੱਪਰ ਪੰਜਾਬੀ ਕਵਿਤਾ ਨੂੰ ਵੱਡੀ ਮਾਤਰਾ ਵਿਚ ਲਿਖਿਆ ਅਤੇ ਪੜ੍ਹਿਆ ਜਾ ਰਿਹਾ ਹੈ। ਸਪੱਸ਼ਟ ਤੌਰ ਤੇ ਅਸੀਂ ਇਹ ਗੱਲ ਕਹਿ ਸਕਦੇ ਹਾਂ ਕਿ ਸੋਸ਼ਲ ਮੀਡੀਆ ਨੇ ਸਮਕਾਲੀ ਸਾਹਿਤ ਦੀਆ ਵਿਧਾਵਾਂ ਵਿਚੋਂ ਸਭ ਤੋਂ ਵੱਧ ਅਸਰ ਕਵਿਤਾ ਤੇ ਪਾਇਆ ਹੈ। ਇਸ ਦਾ ਕਾਰਨ ਰੂਪ ਦੀ ਸਹੂਲਤ ਦੇ ਨਾਲ-ਨਾਲ ਸੋਸ਼ਲ ਮੀਡੀਆ ਦੀ ਸੁਭਾਵਿਕ ਪ੍ਰਕਿਰਤੀ ਦਾ ਕਵਿਤਾ ਦੇ ਐਨ ਸੂਤ ਬੈਠਣਾ ਹੈ। ਸੋਸ਼ਲ ਮੀਡੀਆ ਦੇ ਇਸ ਦਖ਼ਲ ਨੇ ਬਹੁਤ ਸਾਰੇ ਨਵੇਂ ਕਵੀਆਂ ਅਤੇ

ਪਾਠਕਾਂ ਨੂੰ ਇਕ ਸਾਂਝਾ ਮੰਚ ਮੁਹੱਈਆ ਕਰਵਾਇਆ ਹੈ। ਕਵਿਤਾ ਦੇ ਸਦੰਰਭ ਵਿਚ ਗੱਲ ਕਰੀਏ ਤਾਂ ਨਤੀਜੇ ਵਜੋਂ ਇਸ ਮਾਧਿਅਮ ਰਾਹੀਂ ਨਵੇਂ ਕਵੀਆਂ ਨੂੰ ਪਛਾਣ ਸਥਾਪਿਤ ਕਰਨ ਦਾ ਸੁਨਿਹਰੀ ਮੌਕਾ ਅਤੇ ਸਥਾਪਿਤ ਕਵੀਆਂ ਨੂੰ ਸਰਗਰਮ ਰਹਿਣ ਦਾ ਵਧੀਆ ਸਾਧਨ ਮਿਲਿਆ ਹੈ, ਕਵਿਤਾਵਾਂ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵਾਧਾ ਹੋਇਆ ਹੈ, ਕਵਿਤਾ ਦੇ ਨਵੇਂ ਰੂਪ ਸਾਹਮਣੇ ਆਏ ਹਨ, ਸਿਰਜਕ ਨੂੰ ਬੇਬਾਕ ਹੋ ਕੇ ਆਪਣੀ ਗੱਲ ਪਾਠਕਾਂ ਸਾਹਮਣੇ ਰੱਖਣ ਦਾ ਮੌਕਾ ਮਿਲਿਆ ਹੈ, ਪ੍ਰਕਾਸ਼ਕ ਦੀ ਅਹਿਮੀਅਤ ਥੋੜੀ ਮੱਧਮ ਪੈ ਗਈ ਹੈ, ਕਿਫਾਇਤੀ ਸਾਧਨ ਹੋਣ ਕਾਰਨ ਕਵੀ ਕੋਲ ਆਪਣੇ ਅਣਮੁੱਲੇ ਵਿਚਾਰ ਪਾਠਕਾਂ ਤੱਕ ਪਹੁੰਚਾਉਣ ਦਾ ਇਹ ਵਧੀਆ ਵਸੀਲਾ ਬਣ ਗਿਆ ਹੈ।

ਸੋਸ਼ਲ ਮੀਡੀਆ ’ਤੇ ਪੰਜਾਬੀ ਕਵਿਤਾ ਦੀ ਸ਼ੁਰੂਆਤ ਸੰਬੰਧੀ ਕੋਈ ਪ੍ਰਮਾਣਿਕ ਸ੍ਰੋਤ ਨਹੀਂ ਮਿਲਦਾ ਜਿਸ ਕਾਰਨ ਸੋਸ਼ਲ ਮੀਡੀਆ ’ਤੇ ਮੌਜੂਦ ਕਵਿਤਾ ਦਾ ਸਹੀ ਸਮਾਂ ਦੱਸਣਾ ਮੁਸ਼ਕਲ ਹੈ। ਇਸ ਕਵਿਤਾ ਦੀ ਸ਼ੁਰੂਆਤ ਵੱਖ-ਵੱਖ ਪਲੇਟਫਾਰਮਾਂ 'ਤੇ ਵੱਖ-ਵੱਖ ਸਮਿਆਂ ਅਧੀਨ ਹੋਈ ਹੈ। ਸੋਸ਼ਲ ਮੀਡੀਆ ’ਤੇ ਮੌਜੂਦ ਕਵਿਤਾ ਬਲੌਗਸਪੌਟ ਅਤੇ ਵਰਡਪ੍ਰੈਸ ਤੋਂ ਸ਼ੁਰੂ ਹੋ ਕੇ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਅਤੇ ਟੰਬਲਰ ਆਦਿ ਤੱਕ ਦਾ ਪੜਾਅਵਾਰ ਸਫ਼ਰ ਤਹਿ ਕਰਦੀ ਹੋਈ ਨਵੇਂ ਤਕਨੀਕੀ ਡਿਜੀਟਲ ਰੂਪ ਵਿਚ ਸਾਹਮਣੇ ਆਉਂਦੀ ਹੈ। ਕੁਝ ਸ੍ਰੋਤਾਂ ਦੇ ਆਧਾਰ ’ਤੇ ਮੰਨਿਆ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ 'ਤੇ ਮੌਜੂਦ ਪੰਜਾਬੀ ਕਵਿਤਾ ਦਾ ਵਾਸਤਵਿਕ ਰੂਪ ਵਿਚ ਵਿਕਾਸ 2010 ਤੋਂ ਬਾਅਦ ਸ਼ੁਰੂ ਹੋਇਆ ਕਿਉਂਕਿ ਇਹ ਸਮਾਂ ਅਜਿਹਾ ਸੀ ਜਦੋਂ ਕਵਿਤਾ ਤਕਨਾਲੋਜੀ ਨਾਲ ਪੂਰੀ ਤਰ੍ਹਾਂ ਰਚ-ਮਿਚ ਚੁੱਕੀ ਸੀ। ਕਵਿਤਾ ਦਾ ਨਵਾਂ ਮੁਹਾਂਦਰਾ ਆਡੀਓ-ਵਿਜੁਅਲ ਰੂਪ ਵਿਚ ਪਾਠਕ ਦੇ ਸਨਮੁੱਖ ਹੋ ਚੁੱਕਾ ਸੀ। ਫੇਸਬੁੱਕ, ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੇਟਫਾਰਮ ਪੰਜਾਬੀ ਕਵਿਤਾ ਦੇ ਵਿਕਾਸ ਨੂੰ ਨਵੀਂ ਰਾਹ ਅਤੇ ਸੇਧ ਵਿਖਾ ਰਹੇ ਸਨ। ਸਮਕਾਲੀ ਦੌਰ ਅੰਦਰ ਲਗਭਗ ਹਰ ਸੋਸ਼ਲ ਮੀਡੀਆ ਪਲੇਟਫਾਰਮ ਤੇ ਪੰਜਾਬੀ ਭਾਸ਼ਾ ਦੀ ਸਹੂਲਤ ਹੈ ਜਿਸ ਕਾਰਨ ਪੰਜਾਬੀ ਵਿਚ ਕਵਿਤਾ ਲਿਖਣ ਦਾ ਰੁਝਾਨ ਦਿਨੋਂ-ਦਿਨ ਤੀਬਰਤਾ ਨਾਲ ਵੱਧਦਾ ਜਾ ਰਿਹਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਦਾ ਘੇਰਾ ਕਵਿਤਾ ਦੇ ਸੰਦਰਭ ਵਿਚ ਬਹੁਤ ਵਿਸ਼ਾਲ ਹੈ ਅਤੇ ਨਿੱਤ ਦਿਨ ਤੀਬਰਤਾ ਨਾਲ ਹੋਰ ਵਿਸਤਰਿਤ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਅਸੀਂ ਇਸ ਉੱਪਰ ਉਪਲੱਬਧ ਸਮੱਗਰੀ ਨੂੰ ਨਿਸ਼ਚਿਤ ਇਕਾਈ ਵਿਚ ਨਹੀਂ ਬੰਨ ਸਕਦੇ। ਇਸ ਅਭਾਸੀ/ਵਰਚੁਅਲ ਸੰਸਾਰ ਵਿਚ ਅਸੀਂ ਨਾ ਹੀ ਕਿਸੇ ਉੱਪਰ ਕਿਸੇ ਤਰ੍ਹਾਂ ਦੀ ਕੋਈ ਰੋਕ ਲਗਾ ਸਕਦੇ ਹਾਂ ਕਿਉਂ ਕਿ ਇਹ ਇਕ ਅਜ਼ਾਦ ਪਲੇਟਫਾਰਮ ਹੈ। ਜਦੋਂ ਵੀ ਕਿਸੇ ਵਿਅਕਤੀ ਦੇ ਮਨ ਅੰਦਰ ਕੋਈ ਵਿਚਾਰ ਜਨਮ ਲੈਂਦਾ ਹੈ। ਉਹ ਬਿਨਾਂ ਕਿਸੇ ਦੀਰਘ ਵਟਾਂਦਰੇ ਦੇ ਉਸ ਨੂੰ ਟਾਈਪ ਕਰਕੇ ਸੋਸ਼ਲ ਮੀਡੀਆ ਪਲੇਟਫਾਰਮ ’ਤੇ ਸਾਂਝਾ ਕਰ ਦਿੰਦਾ ਹੈ।

ਪੰਜਾਬੀ ਭਾਸ਼ਾ ਨਾਲ ਸੰਬੰਧਿਤ ਬਹੁਤ ਸਾਰੇ ਅਜਿਹੇ ਕਵੀ ਅਤੇ ਸਾਹਿਤਕਾਰ ਹਨ ਜੋ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ, ਇਨਸਟਾਗ੍ਰਾਮ, ਬਲੌਗ, ਵਟਸਐਪ, ਯੂ-ਟਿਊਬ, ਟਵਿਟਰ, ਪ੍ਰਤੀਲਿਪੀ (ਨਿਰੋਲ ਸਾਹਿਤਕ ਪੋਰਟਲ) ਆਦਿ ਦੀ ਵਰਤੋਂ ਕਰ ਰਹੇ ਹਨ। ਰਵਿੰਦਰ ਰਵੀ, ਅਮਰਜੀਤ ਕੌਂਕੇ, ਸੁਹਿੰਦਰਬੀਰ, ਪਰਮਿੰਦਰ ਸੋਢੀ, ਜਸਪਾਲ ਘਈ, ਸਰਬਜੀਤ ਸੋਹੀ, ਜਗਵਿੰਦਰ ਯੋਧਾ, ਜਸਵੰਤ ਜ਼ਫਰ, ਗੁਰਦਿਆਲ ਰੋਸ਼ਨ, ਵਿਜੈ ਵਿਵੇਕ, ਸਵਾਮੀ ਅੰਤਰ ਨੀਰਵ, ਨਵਤੇਜ ਭਾਰਤੀ, ਆਦਿ ਅਜਿਹੇ ਸਥਾਪਿਤ ਕਵੀ ਹਨ ਜੋ ਸੋਸ਼ਲ ਮੀਡੀਆ ਉੱਪਰ ਸਰਗਰਮ ਰਹਿੰਦੇ ਹਨ। ਦੂਸਰੀ ਕਿਸਮ ਦੇ ਉਹ ਲਿਖਾਰੀ ਕਵੀ ਹਨ ਜਿੰਨਾਂ ਨੇ ਆਪਣੀ ਕਾਵਿ ਯਾਤਰਾ ਸੋਸ਼ਲ ਮੀਡੀਆ ਤੋਂ ਸ਼ੁਰੂ ਕੀਤੀ ਹੈ। ਸੋਸ਼ਲ ਮੀਡੀਆ ਤੇ ਉਹਨਾਂ ਦੀਆਂ ਰਚਨਾਵਾਂ ਨੂੰ ਭਰਵਾਂ ਹੁੰਗਾਰਾਂ ਮਿਲਿਆ ਜਿਸ ਕਾਰਨ ਉਹਨਾਂ ਨੇ ਆਪਣੀਆਂ ਕਵਿਤਾਵਾਂ ਨੂੰ ਕਿਤਾਬੀ ਰੂਪ ਵਿਚ ਵੀ ਪ੍ਰਕਾਸ਼ਿਤ ਕਰਵਾਇਆ ਹੈ। ਉਹਨਾਂ ਕਵੀਆਂ ਵਿਚੋਂ ਬਰਾੜ ਜੈਸੀ (ਮੈਂ ਸਾਉ ਕੁੜੀ ਨਹੀਂ ਹਾਂ), ਇੰਦਰਜੀਤ ਜਾਦੂ (ਸਿਲਵਟਾਂ), ਬੇਅੰਤ ਗਿੱਲ ਮੋਗਾ (ਤੂੰ ਕਿਹਾ ਸੀ), ਸੁਰਜੀਤ ਗੱਗ (ਗੱਗਬਾਣੀ), ਰਣਜੀਤ ਕੌਰ ਸਵੀ (ਰਮਜ਼ਾਂ), ਸੁਖਵੀਰ (ਸੂਹੇ ਅੱਖਰ) ਆਦਿ ਸ਼ਾਮਲ ਹਨ। ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ’ਤੇ ਅਨੇਕ ਹੋਰ ਅਜਿਹੇ ਨਾਮ ਹਨ ਜੋ ਕਵਿਤਾ ਦੇ ਮਾਧਿਅਮ ਰਾਹੀਂ ਆਪਣੀ ਨਵੇਕਲੀ ਪਛਾਣ ਸਥਾਪਿਤ ਕਰ ਰਹੇ ਹਨ। ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਕਵਿਤਾਵਾਂ ਨਾਲ ਸੰਬੰਧਿਤ ਅਣਗਿਣਤ ਪੇਜ ਤੇ ਗਰੁੱਪ ਬਣੇ ਹੋਏ ਹਨ। ਜਿਨ੍ਹਾਂ ਵਿਚੋਂ ਕੁਝ ਜ਼ਿਕਰਯੋਗ ਪੇਜ ਇਸ ਪ੍ਰਕਾਰ ਹਨ :- ਸ਼ਬਦ ਸੁਹਜ, ਨੌਜਵਾਨ ਲੇਖਕ (ਪੁੰਗਰਦੀਆਂ ਕਲਮਾਂ ਦਾ ਖੇਤ), ਸੱਜਰੀਆਂ ਚਿਣਗਾਂ ਦੀ ਲੋਅ, ਪੰਜਾਬੀ ਕਵਿਤਾ, ਪਹੁ ਫੁਟਾਲੇ ਵਰਗੀਆਂ ਲਿਖਤਾਂ, ਸਮਕਾਲੀ ਪੰਜਾਬੀ ਕਵਿਤਾ, ਫੇਸਬੁੱਕ ਕਵੀ ਦਰਬਾਰ, ਡਾ. ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ ਆਦਿ।

ਕੰਪਿਊਟਰ, ਇਨਫਰਮੇਸ਼ਨ ਤਕਨਾਲੋਜੀ, ਇੰਟਰਨੈੱਟ ਤਕਨੀਕ, ਸੋਸ਼ਲ ਮੀਡੀਆ ਅਤੇ ਅਨੇਕ ਸੂਚਨਾ ਅਤੇ ਸੰਚਾਰ ਮਾਧਿਅਮਾਂ ਦੀ ਨਿਤ ਦਿਨ ਹੋ ਰਹੀ ਉੱਨਤੀ ਕਾਰਨ ਅਜੋਕੀ ਪੀੜ੍ਹੀ ਦਾ ਬੌਧਿਕ ਪੱਧਰ ਤਕਨਾਲੋਜੀ ਦੇ ਖੇਤਰ ਵਿਚ ਕਾਫ਼ੀ ਤੀਖਣ ਹੋਇਆ ਹੈ। ਤਕਨਾਲੋਜੀ ਦੇ ਇਸ ਦੌਰ ਅੰਦਰ ਹਰ ਵਿਅਕਤੀ ਨਵੀਂ ਤਕਨੀਕ ਨਾਲ ਆਪਣਾ ਤਾਲ-ਮੇਲ ਬਿਠਾ ਚੁੱਕਾ ਹੈ ਅਤੇ

ਇਸਦਾ ਪ੍ਰਭਾਵ ਕਬੂਲ ਕਰ ਚੁੱਕਾ ਹੈ। ਸੋਸ਼ਲ ਮੀਡੀਆ ਉੱਪਰ ਮੌਜੂਦ ਕਵੀਆਂ ਦੀਆਂ ਕਵਿਤਾਵਾਂ 'ਸੋਸ਼ਲ ਮੀਡੀਆ ਕਲਚਰ' ਨੂੰ ਬਾਖ਼ੂਬੀ ਬਿਆਨ ਕਰਦੀਆਂ ਹਨ। ਇਕ ਵਿਚਾਰ ਅਨੁਸਾਰ ਨਵੀਂ ਤਕਨੀਕ ਨਾਲ ਪੈਦਾ ਹੋਇਆ ਆਭਾਸੀ (ਵਰਚੁਅਲ) ਸੰਸਾਰ ਮਨੁੱਖ ਨੂੰ ਅਸਲ ਸੰਸਾਰ ਨਾਲੋਂ ਜ਼ਿਆਦਾ ਪ੍ਰਭਾਵਿਤ ਕਰਨ ਦਾ ਯਤਨ ਕਰਦਾ ਹੈ। ਡੋਗਲਸ ਕਲਨਰ ਆਪਣੀ ਪੁਸਤਕ 'ਮੀਡੀਆ ਕਲਚਰ' ਵਿਚ ਲਿਖਦਾ ਹੈ ਕਿ

> *'ਮੀਡੀਆ ਕਲਚਰ ਇਕ ਅਜਿਹਾ ਕਲਚਰ ਸਾਹਮਣੇ ਆਇਆ ਹੈ ਜਿਸ ਵਿਚ ਤਸਵੀਰਾਂ, ਅਵਾਜ਼ਾਂ ਅਤੇ ਦੇਖਣਯੋਗ ਸਮੱਗਰੀ ਰੋਜ਼ਾਨਾ ਜ਼ੀਵਨ ਦੇ ਫੈਬਰਿਕ ਦਾ ਨਿਰਮਾਣ ਅਤੇ ਮਨੋਰੰਜਨ ਸਮੇਂ 'ਤੇ ਪ੍ਰਭਾਵ ਪਾਉਂਦੇ ਹਨ, ਰਾਜਨੀਤਿਕ ਵਿਚਾਰਾਂ ਅਤੇ ਸਮਾਜਿਕ ਵਿਹਾਰਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹ ਚੀਜ਼ਾਂ ਪ੍ਰਦਾਨ ਕਰਦੇ ਹਨ ਜਿਸ ਵਿਚੋਂ ਲੋਕ ਆਪਣੀ ਪਹਿਚਾਣ ਬਣਾਉਂਦੇ ਹਨ।'[1]*

ਪ੍ਰਸਤੁਤ ਹਵਾਲੇ ਤੋਂ ਇਹ ਤੱਥ ਸਾਹਮਣੇ ਨਿਕਲ ਕੇ ਆਉਂਦਾ ਹੈ ਕਿ ਸੋਸ਼ਲ ਮੀਡੀਆ ਨੇ ਮਨੁੱਖੀ ਜੀਵਨ-ਜਾਚ ਦੇ ਹਰੇਕ ਪਹਿਲੂ ਤੇ ਆਪਣਾ ਪ੍ਰਭਾਵ ਪਾਇਆ ਹੈ। ਉਹ ਪਹਿਲੂ ਸਮਾਜਿਕ ਹੋਵੇ, ਰਾਜਨੀਤਕ ਹੋਵੇ ਜਾਂ ਫਿਰ ਸਭਿਆਚਾਰਕ। ਸੋ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਨੇ ਮਨੁੱਖ ਨਾਲ ਸੰਬੰਧਿਤ ਹਰੇਕ ਵਰਤਾਰੇ ਅਤੇ ਵਿਹਾਰ ਨੂੰ ਪ੍ਰਭਾਵਿਤ ਕੀਤਾ ਹੈ। ਡਿਜੀਟਾਈਜੇਸ਼ਨ ਕਾਰਨ ਮਨੁੱਖੀ ਜੀਵਨ ਨਾਲ ਸੰਬੰਧਿਤ ਹਰੇਕ ਪਹਿਲੂ ਬਦਲ ਗਿਆ ਹੈ।

ਸਮਕਾਲੀ ਸਮੇਂ ਵਿਚ ਸੋਸ਼ਲ ਮੀਡੀਆ ਰਾਹੀਂ ਕਵਿਤਾ ਕਾਵਿ ਰੂਪ ਵਧੇਰੇ ਵਿਕਸਿਤ ਹੋ ਰਿਹਾ ਹੈ। ਕਵਿਤਾ ਦੀ ਪੇਸ਼ਕਾਰੀ ਸੋਸ਼ਲ ਐਪਲੀਕੇਸ਼ਨਜ਼ ਉੱਪਰ ਹੋਣ ਕਾਰਨ ਇਸ ਨੂੰ ਪੜ੍ਹਨ, ਲਿਖਣ ਅਤੇ ਪ੍ਰਕਾਸ਼ਿਤ ਕਰਨ ਦੇ ਪਰੰਪਰਾਗਤ ਢੰਗ-ਤਰੀਕੇ ਵੀ ਬਦਲ ਗਏ ਹਨ। ਜਿੱਥੇ ਪਹਿਲਾਂ ਕਵਿਤਾ ਕੇਵਲ ਮੌਖਿਕ (ਕਵੀ ਦਰਬਾਰਾਂ ਵਿਚ) ਅਤੇ ਲਿਖਤੀ (ਕਿਤਾਬੀ ਰੂਪ ਵਿਚ) ਰੂਪ ਵਿਚ ਹੀ ਮਿਲਦੀ ਸੀ ਅੱਜ ਉੱਥੇ ਕਵਿਤਾ ਦੇ ਨਵੇਂ ਰੂਪ ਸਾਹਮਣੇ ਆ ਰਹੇ ਹਨ। ਇਸ ਸਮੁੱਚੀ ਕਵਿਤਾ ਨੂੰ ਈ-ਕਵਿਤਾ ਦੀ ਵੰਨਗੀ ਵਿਚ ਰੱਖਿਆ ਜਾ ਸਕਦਾ ਹੈ। ਜਿਸਨੂੰ ਅੱਗੋਂ ਹੋਰ ਸ਼੍ਰੇਣੀਆਂ ਵਿਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਜਿਵੇਂ ਸ਼ਾਬਦਿਕ ਰੂਪ ਵਾਲੀ ਜਾਂ ਲਿਖਤੀ ਕਵਿਤਾ, ਆਡੀਓ ਰੂਪ ਵਿਚ ਕਵਿਤਾ ਦੀ ਪੇਸ਼ਕਾਰੀ (ਰਿਕਾਰਡਿੰਗ ਦੇ ਰੂਪ ਵਿਚ ਕਵਿਤਾ ਦੀ ਪੇਸ਼ਕਾਰੀ), ਵੀਡੀਓ ਰੂਪ ਵਿਚ ਕਵਿਤਾ ਦੀ ਪੇਸ਼ਕਾਰੀ, ਫ਼ੋਟੋਗ੍ਰਾਫ਼ੀ ਕਵਿਤਾ (ਕਿਸੇ ਈਮੇਜ਼ ਉੱਪਰ ਕਵਿਤਾ ਦੀਆਂ ਸੰਖੇਪ ਪੰਕਤੀਆ/ਸਤਰਾਂ ਨੂੰ ਲਿਖਣਾ), ਵਾਰਤਕ ਰੂਪ ਕਵਿਤਾ। ਹੇਠ ਲਿਖੇ ਅਨੁਸਾਰ ਕਵਿਤਾ ਦੇ ਨਵੀਨ ਰੂਪ ਵਿਚਾਰ ਅਧੀਨ ਹਨ:

**ਲਿਖਤ ਰੂਪ ਕਵਿਤਾ** : ਇਹ ਕਵਿਤਾ ਦਾ ਉਹ ਰੂਪ ਹੈ ਜਿਸ ਵਿਚ ਸ਼ਾਬਦਿਕ ਚਿੱਤਰਾਂ ਰਾਹੀਂ ਭਾਵਾਂ ਤੇ ਵਿਚਾਰਾਂ ਨੂੰ ਲਿਖ ਕੇ ਪੇਸ਼ ਕੀਤਾ ਜਾਂਦਾ ਹੈ। ਸੋਸ਼ਲ ਮੀਡੀਆ ਦੇ ਜ਼ਰੀਏ ਸ਼ਾਬਦਿਕ ਕਵਿਤਾ ਦੇ ਦੋ ਮੁੱਖ ਰੂਪ ਵੇਖੇ ਜਾ ਸਕਦੇ ਹਨ। ਇਕ ਤਾਂ ਇਹ ਕਵਿਤਾ ਲੇਖਕ ਦੇ ਦੁਆਰਾ ਕਿਸੇ ਵੀ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਿੱਧੀ ਪ੍ਰਕਾਸ਼ਿਤ ਕਰ ਦਿੱਤੀ ਜਾਂਦੀ ਹੈ ਤੇ ਦੂਜੇ ਰੂਪ ਵਿਚ ਪ੍ਰਿੰਟ ਹੋਣ ਤੋਂ ਬਾਅਦ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਭਾਵ ਕਿ ਲੇਖਕ ਆਪਣੀ ਪ੍ਰਕਾਸ਼ਿਤ ਹੋ ਚੁੱਕੀ ਪੁਸਤਕ ਵਿਚੋਂ ਕਵਿਤਾ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਦੇ ਪ੍ਰਕਾਸ਼ਿਤ ਕਰਦਾ ਹੈ। ਮਿਸਾਲ ਦੇ ਤੌਰ ਤੇ ਅਸੀਂ ਨਿਮਨਲਿਖਤ ਰਚਨਾ ਨੂੰ ਵੇਖ ਸਕਦੇ ਹਾਂ। ਕਵੀ ਸੁਹਿੰਦਰ ਬੀਰ ਦੀ ਫੇਸਬੁਕ ਵਾਲ ਉੱਪਰ ਮੌਜੂਦ ਗੁਰੂ ਨਾਨਕ ਦੇਵ ਜੀ ਸੰਬੰਧੀ ਕਵਿਤਾ :

*ਬਾਬਾ ਮੈਂ ਤੇਰੀ ਸੋਚ ਨੂੰ ਮੱਥੇ 'ਚ ਪਾ ਲਵਾ*
*ਇਸ ਜ਼ਿੰਦਗੀ ਨੂੰ ਜੀਣ ਦੇ ਕਾਬਲ ਬਣਾ ਲਵਾ*
*ਪੜ੍ਹਦਿਆਂ ਤੇਰੀ ਬਾਣੀ ਨੂੰ ਬੀਤ ਗਏ ਨੇ ਸਾਲ*
*ਹੁਣ ਫਲਸਫੇ ਨੂੰ ਅਮਲ ਦਾ ਜਾਮਾ ਪੁਆ ਲਵਾ..*[2]

**ਆਡੀਓ ਰੂਪ ਕਵਿਤਾ** : ਇੱਥੇ ਆਡੀਓ ਤੋਂ ਸਾਡਾ ਭਾਵ ਰਿਕਾਰਡ ਕੀਤੀ ਗਈ ਅਵਾਜ਼ ਤੋਂ ਹੈ। ਵਰਤਮਾਨ ਸਮੇਂ ਸੋਸ਼ਲ ਮੀਡੀਆ ਦੇ ਅਜਿਹੇ ਬਹੁਤ ਸਾਰੇ ਪਲੇਟਫਾਰਮ ਹਨ ਜਿੰਨਾਂ ਉੱਪਰ ਕਵਿਤਾ ਦੀ ਆਡੀਓ ਰੂਪ ਵਿਚ ਪੇਸ਼ਕਾਰੀ ਕੀਤੀ ਹੋਈ ਮਿਲਦੀ ਹੈ। ਯੂ-ਟਿਊਬ, ਫੇਸਬੁੱਕ, ਵਟਸਐਪ ਗਰੁੱਪਾਂ, ਟਵਿੱਟਰ, ਇੰਸਟਾਗ੍ਰਾਮ ਆਦਿ 'ਤੇ ਲੇਖਕ ਵੱਲੋਂ ਆਪਣੀ ਕਵਿਤਾ ਨੂੰ ਗਾ ਕੇ ਜਾਂ ਬੋਲ ਕੇ ਪੇਸ਼ ਕੀਤਾ ਜਾਂਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਤੇ ਮੌਜੂਦ ਕਵਿਤਾ ਨੂੰ ਅਸੀਂ ਕਿਸੇ ਵੀ ਸਮੇਂ ਅਤੇ ਕਿਸੇ ਵੀ ਸਥਾ ਨ ਤੇ ਸੁਣ ਸਕਦੇ ਹਾਂ। ਇੱਥੇ ਸਮੇਂ ਸਥਾਨ ਦੀ ਕੋਈ ਵੀ ਪਾਬੰਧੀ ਨਹੀਂ ਰਹਿੰਦੀ।




**ਯੂਟਿਊਬ 'ਤੇ ਆਡੀਓ ਰੂਪ ਵਿਚ ਮੌਜੂਦ ਸੁਰਜੀਤ ਪਾਤਰ ਦੀ ਕਵਿਤਾ 'ਉਦਾਸ ਦੋਸਤੋ...' ਦੀ ਉਦਾਹਰਨ** [3]

**ਵੀਡੀਓ ਰੂਪ ਕਵਿਤਾ** : ਸੋਸ਼ਲ ਮੀਡੀਆ 'ਤੇ ਆਡੀਓ ਦੇ ਨਾਲ ਵੀਡੀਓ ਰੂਪ ਵਿਚ ਵੀ ਕਵਿਤਾ ਦੀ ਪੇਸ਼ਕਾਰੀ ਵੇਖਣ ਨੂੰ ਮਿਲਦੀ ਹੈ। ਭਾਵ ਕਿ ਲੇਖਕ ਵੱਲੋਂ ਕਵਿਤਾ ਨੂੰ ਰਿਕਾਰਡ ਕਰਕੇ ਆਡੀਓ-ਵਿਜ਼ੂਅਲ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਥੇ ਕਵੀ ਦੀ ਮਧੁਰ ਅਵਾਜ਼ ਦੇ ਨਾਲ-ਨਾਲ ਸਾਨੂੰ ਉਸ ਦੀ ਤਸਵੀਰ ਅਤੇ ਉਸਦੇ ਹਾਵ-ਭਾਵ ਵੀ ਵੇਖਣ ਨੂੰ ਮਿਲਦੇ ਹਨ। ਸਥਾਪਿਤ ਅਤੇ ਗੈਰ ਸਥਾਪਿਤ ਕਵੀਆਂ ਦੀਆਂ ਵੀਡੀਓ ਰੂਪ ਵਿਚ ਰਿਕਾਰਡ ਵਿਭਿੰਨ ਕਵਿਤਾਵਾਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੇਖੀਆਂ ਜਾ ਸਕਦੀਆਂ ਹਨ। ਮਿਸਾਲ ਵਜੋਂ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' (2001)। ਇਸ ਕਾਵਿ ਸੰਗ੍ਰਿਹ ਵਿਚਲੀਆਂ ਪਹਿਲੀਆਂ ਦੋ ਕਵਿਤਾਵਾਂ 'ਨਾਨਕ' ਅਤੇ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਨੂੰ ਯੂਟਿਊਬ ਉੱਪਰ ਵੇਖਿਆ ਜਾ ਸਕਦਾ ਹੈ। ਉਹਨਾਂ ਨੇ ਆਪਣੀਆਂ ਅਨਗਿਣਤ ਕਵਿਤਾਵਾਂ ਨੂੰ ਵੀਡੀਓ ਰੂਪ ਵਿਚ ਯੂਟਿਊਬ 'ਤੇ ਸਾਂਝਾ ਕੀਤਾ ਹੈ।




**ਯੂਟਿਊਬ ਤੇ ਮੌਜੂਦ ਜਸਵੰਤ ਸਿੰਘ ਜ਼ਫ਼ਰ ਦੀ ਆਡੀਓ-ਵੀਡੀਓ ਰੂਪ ਕਵਿਤਾ 'ਨਾਨਕ' ਦੀ ਉਦਾਹਰਨ** [4]

ਉਪਰੋਕਤ ਵੀਡੀਓ ਰੂਪ ਵਿਚ ਮੌਜੂਦ ਕਵਿਤਾ 'ਨਾਨਕ' ਦੀ ਨਿਮਨਲਿਖਤ ਸ਼ਾਬਦਿਕ ਰੂਪ ਵਿਚ ਪੇਸ਼ਕਾਰੀ :

*ਮਾਫ਼ ਕਰਨਾ*
*ਸਾਡੇ ਲਈ ਬਹੁਤ ਮੁਸ਼ਕਲ ਹੈ*
*ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ*
*ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ*
*ਤਿੜਕਦੀਆਂ ਅੱਡੀਆਂ...*
*ਦਗਦੀਆਂ ਮਘਦੀਆਂ ਤੇਜ਼ ਅੱਖਾਂ।* [5]

**ਤਸਵੀਰ ਰੂਪ ਕਵਿਤਾ** : ਸ਼ਾਬਦਿਕ, ਆਡੀਓ-ਵਿਜ਼ਿਊਲ ਕਵਿਤਾ ਤੋਂ ਇਲਾਵਾ ਅੱਜ ਦੇ ਸਮੇਂ ਤਸਵੀਰ ਰੂਪ ਵਿਚ /ਫ਼ੋਟੋ ਕਵਿਤਾ ਦਾ ਇਕ ਨਵਾਂ ਰੂਪ ਵੇਖਣ ਨੂੰ ਆਮ ਮਿਲ ਰਿਹਾ ਹੈ। ਕਵਿਤਾ ਦਾ ਇਹ ਰੂਪ ਕਵਿਤਾ ਅਤੇ ਫ਼ੋਟੋ ਤੋਂ ਮਿਲ ਕੇ ਬਣਦਾ ਹੈ। ਇਸ ਪ੍ਰਕਾਰ ਦੀ ਕਵਿਤਾ ਵਿਚ ਰੰਗਦਾਰ ਤਸਵੀਰ 'ਤੇ ਕਵਿਤਾ ਦੀਆਂ ਕੁਝ ਸਤਰਾਂ ਲਿਖ ਕੇ ਉਸਨੂੰ ਆਕਰਸ਼ਿਤ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਕਵਿਤਾ ਨੂੰ ਇੰਸਟਾਗ੍ਰਾਮ, ਫੇਸਬੁੱਕ, ਵਟਸਐਪ ਆਦਿ 'ਤੇ ਆਮ ਵੇਖਿਆ ਜਾ ਸਕਦਾ ਹੈ। ਅੱਜ ਕੱਲ ਪੂਰੀ/ਵੱਡੀ ਕਵਿਤਾ ਨੂੰ ਵੀ ਤਸਵੀਰ ਰੂਪ ਕਵਿਤਾ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।






**ਫ਼ੋਟੋ ਕਵਿਤਾ ਜਾਂ ਤਸਵੀਰ ਰੂਪ ਨਾਲ ਸੰਬੰਧਿਤ ਕਵਿਤਾ** [6 & 7]

**ਮਲਟੀਮੀਡੀਆ ਕਵਿਤਾ**: ਇਹ ਕਵਿਤਾ ਲਿਖਤ, ਤਸਵੀਰ, ਵੀਡੀਓ, ਆਡੀਓ ਅਤੇ ਐਨੀਮੇਸ਼ਨ ਆਦਿ ਮਲਟੀਮੀਡੀਆ ਤੱਤਾਂ ਦੀ ਸਾਂਝੀ ਵਰਤੋਂ ਨਾਲ ਬਣਦੀ ਹੈ। ਮਲਟੀਮੀਡੀਆ ਕਵਿਤਾ ਵਿੱਚ ਬੈਕਗਰਾਊਂਡ ਸੰਗੀਤ ਵਰਤਿਆ ਜਾਂਦਾ ਹੈ ਅਤੇ ਐਨੀਮੇਟਡ ਤਸਵੀਰਾਂ ਜਾਂ ਲਿਖਤਾਂ ਨੂੰ ਇੱਕ ਸਲਾਈਡ ਦੇ ਰੂਪ ਵਿੱਚ ਮੋਸ਼ਨ ਨਾਲ ਪੇਸ਼ ਕੀਤਾ ਜਾਂਦਾ ਹੈ, ਜਿਸ ਨਾਲ ਕਵਿਤਾ ਦੀਆਂ ਲਾਈਨਾਂ ਇੱਕ ਕਹਾਣੀ ਦੀ ਤਰ੍ਹਾਂ ਸਲਾਈਡ ਦਰ ਸਲਾਈਡ ਅੱਗੇ ਵਧਦੀਆਂ ਹਨ। ਐਨੀਮੇਸ਼ਨ ਨਾਲ ਕਵਿਤਾ ਨੂੰ ਇੱਕ ਵਿਜ਼ੂਅਲ ਅਨੁਭਵ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਕਈ ਕਵਿਤਾਵਾਂ ਵਿਚ ਲੇਖਕ ਵਲੋਂ ਇੰਟਰਐਕਟਿਵ ਤਕਨੀਕ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਹੁੰਦੀ ਹੈ, ਇਸ ਸੁਵਿਧਾ ਰਾਹੀਂ ਪਾਠਕ ਕਵਿਤਾ ਤੇ ਕਲਿਕ ਕਰਕੇ ਜਾਂ ਸਵਾਈਪ ਕਰਕੇ ਕਵਿਤਾ ਦੇ ਅਗਲੇ ਹਿੱਸੇ ਨੂੰ ਪੜ੍ਹ ਸਕਦਾ ਹੈ, ਸੁਣ ਸਕਦਾ ਹੈ ਅਤੇ ਅਨੁਭਵ ਕਰ ਸਕਦਾ ਹੈ। ਡਿਜ਼ੀਟਲ ਕਵਿਤਾ ਦਾ ਇਹ ਰੂਪ ਕਵਿਤਾ ਦੇ ਅਰਥ ਸੰਚਾਰ ਅਤੇ ਭਾਵਨਾਵਾਂ ਨੂੰ ਹੋਰ ਗਹਿਣ ਅਤੇ ਵਿਜ਼ੂਅਲ ਤਰੀਕੇ ਨਾਲ ਪੇਸ਼ ਕਰਦਾ ਹੈ।

ਅਜਿਹੀਆਂ ਕਵਿਤਾਵਾਂ ਅਕਸਰ ਆਨਲਾਈਨ ਪਲੇਟਫਾਰਮਾਂ ਜਾਂ ਮੋਬਾਈਲ ਐਪਸ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਵੇਂ ਕਿ :




**ਇੰਸਟਾਗ੍ਰਾਮ 'ਤੇ ਮੌਜੂਦ ਮਲਟੀਮੀਡੀਆ ਕਵਿਤਾ ਦੀ ਉਦਾਹਰਨ** [8]

ਇੰਟਰਨੈੱਟ ਦੇ ਮਾਧਿਅਮ ਰਾਹੀਂ ਉਪਜੇ ਇਸ ਸਾਹਿਤ ਨੂੰ ਈ ਸਾਹਿਤ ਅਤੇ ਇਸ ਦੇ ਸੋਸ਼ਲ ਪਲੇਟਫਾਰਮਾਂ ਦੁਆਰਾ ਪ੍ਰਕਾਸ਼ਿਤ ਹੋ ਰਹੀ ਕਵਿਤਾ ਨੂੰ ਈ-ਕਵਿਤਾ ਦਾ ਨਾਂ ਦੇ ਦਿੱਤਾ ਜਾਂਦਾ ਹੈ। ਈ-ਸਾਹਿਤ ਸਿਰਜਣ ਅਤੇ ਸੰਚਾਰਿਤ ਕਰਨ ਵਿਚ ਇਲੈਕਟ੍ਰੋਨਿਕ ਸੰਚਾਰ ਸਾਧਨਾਂ ਨੇ ਆਪਣੀ ਵਿਲੱਖਣ ਭੂਮਿਕਾ ਨਿਭਾਈ ਹੈ। ਈ-ਕਵਿਤਾ ਦੇ ਸੰਦਰਭ ਵਿਚ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਕੋਈ ਕਵਿਤਾ ਤੋਂ ਵੱਖਰਾ ਵਰਤਾਰਾ ਨਹੀਂ ਹੈ। ਇਹ ਕਵਿਤਾ ਇਲੈਕਟ੍ਰੋਨਿਕ ਸੰਦਾਂ ਜਿਵੇਂ ਕੰਪਿਊਟਰ, ਟੈਬਲੈੱਟ, ਪੈਮਲੈਟ, ਐਂਡਰਾਇਡ ਫ਼ੋਨ ਆਦਿ ਤੇ ਇੰਟਰਨੈੱਟ ਦੀ ਸੁਵਿਧਾ ਰਾਹੀਂ ਪੜ੍ਹੀ ਅਤੇ ਲਿਖੀ ਜਾਂਦੀ ਹੈ। ਇਹ ਕਵਿਤਾ ਇੰਟਰਨੈਟ ਦੇ ਜ਼ਰੀਏ ਡਿਜ਼ੀਟਲ ਪਲੇਟਫਾਰਮਾਂ ਦੇ ਰਾਹੀਂ ਟੈਕਨਾਲੋਜੀ ਦੀ ਮਦਦ ਨਾਲ ਪੇਸ਼ ਕੀਤੀ ਜਾਂਦੀ ਹੈ। ਈ-ਕਵਿਤਾ ਨੂੰ ਡਿਜੀਟਲ ਕਵਿਤਾ, ਆਨ-ਲਾਈਨ ਕਵਿਤਾ ਜਾਂ ਇਲੈਕਟ੍ਰਾਨਿਕ ਕਵਿਤਾ ਵੀ ਕਿਹਾ ਜਾਂਦਾ ਹੈ। ਸਪੱਸ਼ਟ ਰੂਪ ਵਿਚ ਸਾਈਬਰ ਸਪੇਸ ਭਾਵ ਇੰਟਰਨੈੱਟ ਰਾਹੀਂ ਪ੍ਰਫੁੱਲਿਤ ਹੋ ਰਹੀ ਕਵਿਤਾ ਨੂੰ ਈ-ਕਵਿਤਾ ਕਿਹਾ ਜਾਂਦਾ ਹੈ। ਪ੍ਰਿੰਟ ਰੂਪ ਵਿਚ ਆਉਣ ਤੋਂ ਪਹਿਲਾਂ ਕਵਿਤਾ ਸਟੇਜੀ ਰੂਪ ਵਿਚ ਪ੍ਰਚਲਿਤ ਸੀ। ਕਿਉਂਕਿ ਪੁਰਾਤਨ ਕਵਿਤਾ ਵਿਚ ਤੋਲ-ਤੁਕਾਂਤ (ਛੰਦ-ਬੱਧੀ), ਕਾਵਿਕ ਲੈਆਤਮਕਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ। ਜਿਸ ਕਾਰਨ ਇਸ ਨੂੰ ਯਾਦ ਰੱਖਣਾ ਆਸਾਨ ਸੀ। ਜਿਵੇਂ ਹੀ ਛਾਪੇਖ਼ਾਨੇ ਦਾ ਅਵਿਸ਼ਕਾਰ ਹੋਇਆ ਕਵਿਤਾ ਨੇ ਮੌਖਿਕ ਤੋਂ ਪ੍ਰਿੰਟ ਰੂਪ ਤੱਕ ਦਾ ਸਫ਼ਰ ਤਹਿ ਕੀਤਾ। ਵੀਹਵੀਂ ਸਦੀ ਵਿਚ ਕੰਪਿਊਟਰੀਕ੍ਰਿਤ ਸੰਦਾਂ ਅਤੇ ਇੰਟਰਨੈੱਟ ਦੇ ਆਉਣ ਕਾਰਨ ਪੰਜਾਬੀ ਕਵਿਤਾ (ਕਵਿਤਾ) ਨੇ ਵੀ ਆਪਣਾ ਰੁੱਖ ਬਦਲਿਆ। ਜਿਸ ਕਾਰਨ ਕਵਿਤਾ ਦੇ ਰੂਪਕ ਪੱਖ ਵਿਚ ਕਈ ਤਬਦੀਲੀਆਂ ਆਈਆਂ। ਪੰਜਾਬੀ ਕਵਿਤਾ ਸਮੇਂ ਦੇ ਹਾਣ ਦਾ ਹੋ ਕੇ ਚਲਦੀ ਹੈ ਅਤੇ ਸਮਾਜ ਵਿਚ ਘਟਿਤ ਹਰ ਘਟਨਾ ਦਾ ਪ੍ਰਭਾਵ ਕਬੂਲਦੀ ਹੋਈ ਬਦਲਵੇਂ ਰੂਪ ਵਿਚ ਬਿਆਨਦੀ ਹੈ। ਸੋਸ਼ਲ ਮੀਡੀਆ ਦੀ ਆਮਦ ਕਾਰਨ ਪੰਜਾਬੀ ਸਾਹਿਤ ਜਗਤ ਵਿਚ ਆਨ-ਲਾਈਨ ਮਾਧਿਅਮ ਦੇ ਜ਼ਰੀਏ ਇਕ ਵਿਲੱਖਣ ਪ੍ਰਕਾਰ ਨਾਲ ਸਾਹਿਤ ਨੂੰ ਰਚਨ ਦੀ ਪਿਰਤ ਪਈ ਹੈ। ਸੋਸ਼ਲ ਮੀਡੀਆ ਸਦਕਾ ਸਾਹਿਤਕ ਕਾਰਜਾ ਵਿਚ ਬਦਲਾਅ ਦੇਖਣ ਨੂੰ ਮਿਲ ਰਹੇ ਹਨ। ਸਾਹਿਤਕ ਧਾਰਾ ਦੇ ਨੇਮਾਂ ਤੋਂ ਹੱਟ ਕੇ ਨਵੇਂ ਢੰਗ ਤਰੀਕਿਆਂ ਨਾਲ ਨਵੀਆਂ ਸਾਹਿਤਕ ਵਿਧਾਵਾਂ ਉੱਪਰ ਹੱਥ ਅਜ਼ਮਾਈ ਕੀਤੀ ਜਾ ਰਹੀ ਹੈ।

ਅਸੀਂ ਸੋਸ਼ਲ ਮੀਡੀਆ ਉੱਪਰ ਮੌਜੂਦ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਇਹ ਕਹਿ ਸਕਦੇ ਹਾਂ ਕਿ ਇਹ ਸਮੇਂ ਦੇ ਹਾਣ ਦੀ ਹੋ ਕੇ ਚੱਲਦੀ ਹੈ। ਇਹ ਸਮਾਜ ਵਿਚ ਆਉਂਦੀ ਹਰੇਕ ਤਬਦੀਲੀ ਦਾ ਪ੍ਰਭਾਵ ਗ੍ਰਹਿਣ ਕਰਦੀ ਹੈ ਅਤੇ ਨਵੇਂ ਹਾਲਾਤਾਂ ਤੇ ਪ੍ਰਸਥਿਤੀਆਂ ਅਨੁਸਾਰ ਢਲਣ ਦਾ ਸਫ਼ਲ ਯਤਨ ਕਰਦੀ ਹੈ।

*'ਇੰਟਰਨੈੱਟ 'ਤੇ ਬਾਕੀ ਸਾਹਿਤ ਵਿਧਾਵਾਂ ਦੇ ਮੁਕਾਬਲੇ ਪੰਜਾਬੀ ਕਵਿਤਾ ਦੀ ਸਥਿਤੀ ਮਜ਼ਬੂਤ ਹੈ'।* [9]

ਭਾਵੇਂਕਿ ਗੁਣਵੱਤਾ ਪੱਖੋਂ ਇਸ ਦਾ ਮਿਆਰ ਕੁਝ ਖ਼ਾਸ ਵਧੀਆ ਨਹੀਂ ਹੈ। ਜਿਸ ਕਾਰਨ ਇਸਦੀ ਪ੍ਰਮਾਣਿਕਤਾ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਹੋ ਰਹੇ ਹਨ।

*"ਦੂਜੇ ਪਾਸੇ ਅੰਗਰੇਜ਼ੀ ਅਤੇ ਦੂਸਰੀਆਂ ਵਿਕਸਿਤ ਭਾਸ਼ਾਵਾਂ ਦੇ ਪ੍ਰਮੁੱਖ ਸਾਹਿਤਕਾਰਾਂ ਅਤੇ ਭਾਸ਼ਾ ਮਾਹਿਰਾਂ ਵੱਲੋਂ ਇਸ ਨੂੰ ਪ੍ਰਵਾਨਿਤ ਕਰ ਲਿਆ ਗਿਆ ਹੈ"* [10]

ਸੋਸ਼ਲ ਮੀਡੀਆ ਉੱਪਰ ਮੌਜੂਦ ਪੰਜਾਬੀ ਕਵਿਤਾ ਦੇ ਰੂਪ ਪੱਖ ਤੋਂ ਕੀਤੇ ਗਏ ਅਧਿਐਨ ਅਤੇ ਵਿਸ਼ਲੇਸ਼ਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਰਾਹੀਂ ਰਚੀ ਜਾ ਰਹੀ ਕਵਿਤਾ ਇਕ ਬਹੁਤ ਹੀ ਨਾਜ਼ੁਕ ਸਥਿਤੀ ਵਿਚ ਖੜ੍ਹੀ ਨਜ਼ਰੀ ਆਉਂਦੀ ਹੈ ਜਿੱਥੇ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਸ ਕਵਿਤਾ ਦਾ, ਇਸ ਦੇ ਸਿਰਜਣਹਾਰੇ ਦਾ ਅਤੇ ਪਾਠਕ ਦਾ ਭਵਿੱਖ ਕੀ ਹੋਏਗਾ? ਕਿਉਂ ਕਿ ਕਵਿਤਾ ਦੇ ਨਾਮ ਤੇ ਬਹੁਤ ਕੱਚ ਘਰੜ ਸਮੱਗਰੀ ਵੀ ਪੇਸ਼ ਕੀਤੀ ਜਾ ਰਹੀ ਹੈ। ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸੋਸ਼ਲ ਮੀਡੀਆ ਨੇ ਸਿਖਾਂਦਰੂ ਕਵੀਆਂ ਨੂੰ ਪਛਾਣ ਸਥਾਪਿਤ ਕਰਨ ਦਾ ਸੁਨਿਹਰੀ ਮੌਕਾ ਅਤੇ ਸਥਾਪਿਤ ਕਵੀਆਂ ਨੂੰ ਆਪਣੀਆਂ

ਪੂਰਵਲੀਆ ਅਤੇ ਨਵੀਨ ਰਚਨਾਵਾਂ ਨਾਲ ਸਰਗਰਮ ਰਹਿਣ ਦਾ ਵਧੀਆ ਸਾਧਨ ਪ੍ਰਦਾਨ ਕੀਤਾ ਹੈ, ਕਵਿਤਾ ਦੀ ਪ੍ਰਕਾਸ਼ਨਾ ਆਨਲਾਈਨ ਹੋ ਜਾਣ ਕਾਰਨ ਕਵਿਤਾਵਾਂ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਤੋਂ ਵਾਧਾ ਹੋਇਆ ਹੈ, ਸੋਸ਼ਲ ਮੀਡੀਆ ਕਿਉਂ ਕਿ ਡਿਜੀਟਲ ਤਕਨੀਕ ’ਤੇ ਅਧਾਰਿਤ ਹੈ ਇਸ ਤਕਨੀਕ ਦੇ ਪ੍ਰਭਾਵ ਕਾਰਨ ਕਵਿਤਾ ਦੇ ਨਵੇਂ ਰੂਪ ਸਾਹਮਣੇ ਆਏ ਹਨ। ਜਿਵੇਂ ਮਾਈਕ੍ਰੋ ਕਵਿਤਾ, ਫੋਟੋ ਕਵਿਤਾ, ਮਲਟੀਮੀਡੀਆ ਕਵਿਤਾ ਆਦਿ। ਸੋਸ਼ਲ ਮੀਡੀਆ ਪਲੇਟਫਾਰਮ ਤੇ ਰਚਿਤ ਕਵਿਤਾ ਕਿਸੇ ਖ਼ਾਸ/ਵਿਸ਼ੇਸ਼ ਪ੍ਰਵਿਰਤੀ, ਧਾਰਾ, ਵਾਦ ਜਾਂ ਵਿਚਾਰਧਾਰਾ ਆਦਿ ਨਾਲ ਸੰਬੰਧਿਤ ਨਹੀਂ ਹੁੰਦੀ ਬਲਕਿ ਸੁਤੰਤਰ ਰੂਪ ਵਿਚ ਵਿਚਰਦੀ ਅਤੇ ਕਿਰਿਆਸ਼ੀਲ ਰਹਿੰਦੀ ਹੈ, ਜਿਸ ਕਾਰਨ ਇਸ ਨੂੰ ਕੋਈ ਇਕ ਨਾਂ ਨਹੀਂ ਦਿੱਤਾ ਜਾ ਸਕਦਾ। ਇਸ ਪਲੇਟਫਾਰਮ ਉੱਪਰ ਸਥਾਪਿਤ ਅਤੇ ਗੈਰ-ਸਥਾਪਿਤ/ਸਿਖਾਂਦਰੂ ਕਵੀਆਂ ਵੱਲੋਂ ਕਵਿਤਾ ਦੀ ਰਚਨਾ ਕੀਤੀ ਜਾਂਦੀ ਹੈ। ਸਥਾਪਿਤ ਕਵੀਆਂ ਦੁਆਰਾ ਰਚਿਤ ਕਵਿਤਾਵਾਂ ਵਿਚ ਪਰਿਪੱਕਤਾ ਨਜ਼ਰੀ ਪੈਂਦੀ ਹੈ, ਸੁਹਜਾਤਮਿਕ ਦ੍ਰਿਸ਼ਟੀ ਝਲਕਦੀ ਹੈ ਪ੍ਰੰਤੂ ਗੈਰ-ਸਥਾਪਿਤ ਕਵੀਆਂ ਦੁਆਰਾਂ ਰਚਿਤ ਕਵਿਤਾਵਾਂ ਬੜੀ ਸਹਿਜਤਾ ਨਾਲ ਵਿਭਿੰਨ ਸਰੋਕਾਰਾਂ/ਵਿਸ਼ਿਆਂ ਨੂੰ ਜਿਉਂ ਦਾ ਤਿਉਂ ਹੀ ਪ੍ਰਸਤੁਤ ਕਰਦੀਆਂ ਹਨ ਜਿਸ ਕਾਰਨ ਉਹ ਕਥਨ ਦੀ ਵਿਧੀ ਅਧੀਨ ਰਚੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ। ਇਸ ਕਿਸਮ ਦੀਆਂ ਕਵਿਤਾਵਾਂ ਵਿਚ ਸੰਚਾਰ ਇਕਹਿਰਾ ਤੇ ਸੁਖੈਨ ਹੈ। ਇਹ ਬਹੁਅਰਥਤਾ ਸਿਰਜਨ ਅਤੇ ਲੈਅ ਪੱਖੋਂ ਵਿਰਵੀਆਂ ਰਹਿੰਦੀਆਂ ਹਨ। ਜਿਸ ਕਾਰਨ ਇਹ ਕਵਿਤਾਵਾਂ ਸੁਹਜਾਤਮਿਕਤਾ ਪੱਖੋਂ ਥਿੜਕੀਆਂ ਨਜ਼ਰ ਆਉਦੀਆਂ ਹਨ। ਸੋਸ਼ਲ ਮੀਡੀਆ ਉੱਪਰ ਰਚੀ ਜਾ ਰਹੀ ਇਸ ਕਵਿਤਾ ਦੀਆ ਕੁਝ ਖ਼ੂਬੀਆਂ ਤੇ ਬਹੁਤ ਸਾਰੀਆਂ ਉਨਤਾਈਆ ਵੀ ਹਨ। ਸੋ ਲੋੜ ਹੈ ਸੋਸ਼ਲ ਮੀਡੀਆ ’ਤੇ ਮੌਜੂਦ ਪ੍ਰਮਾਣਿਕ ਰਚਨਾਵਾਂ/ਕਵਿਤਾਵਾਂ ਨੂੰ ਪਛਾਣ ਕੇ ਕਵਿਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕਰਨ ਦੀ ਅਤੇ ਇਸ ਦੇ ਇਤਿਹਾਸ ਨੂੰ ਸਿਧਾਂਤਕ ਰੂਪ ਵਿਚ ਕਲਮਬੱਧ ਕਰਨ ਦੀ।

## *ਹਵਾਲੇ ਅਤੇ ਟਿੱਪਣੀਆਂ*


1. *Kellner, Douglas, Media Culture, Routledge London, 1995, Page 1*
2. *https://www.facebook.com/Sohinder.Bir*
3. *https://youtu.be/oWZk49IT55I?si=JyrjA5Yi0Hz76aVm*
4. *https://youtu.be/7q2c2NAc90k?si=1-cp1S1HqJfpXqc2*
5. *https://www.facebook.com/jaswant.zafer.9*
6. *https://images.app.goo.gl/bbrU4gD76CZVFJg9*
7. *https://images.app.goo.gl/2dkY1djTw5TBtpES6*
8. *https://www.instagram.com/reel/C7wGJ04JakR/?igsh=ZXl1emJ4dzg3M2Y5*
9. *ਸੀ.ਪੀ. ਕੰਬੋਜ, ਸਾਈਬਰ ਮੀਡੀਆ ਵਿਚ ਪੰਜਾਬੀ ਕਵਿਤਾ ਦੀ ਸਥਿਤੀ, ਤੀਜੀ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 202*
10. *ਸੀ.ਪੀ. ਕੰਬੋਜ ਅਤੇ ਡਾ. ਗੁਰਪ੍ਰੀਤ ਸਿੰਘ ਲਹਿਲ, ਸਾਈਬਰ ਮੀਡੀਆ ਵਿਚ ਪੰਜਾਬੀ ਕਹਾਣੀ ਦੀ ਸਥਿਤੀ, ਦੂਜੀ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲ, ਪੰਨਾ: 50*



### *Cite this Article-*

ਰਮਨਦੀਪ ਕੌਰ (Ramandeep Kaur), ਸੋਸ਼ਲ ਮੀਡੀਆ 'ਤੇ ਮੌਜੂਦ ਪੰਜਾਬੀ ਕਵਿਤਾ ਦਾ ਰੂਪ ਪੱਖ: ਇਕ ਅਧਿਐਨ (SOCIAL MEDIA 'TE MAUJOOD PUNJABI KAVITA DA ROOP PAKH: IK ADHIYAN), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 90-96.*

***Journal URL:*** www.armaan.org.in

**DOI:** https://doi.org/10.64119/armaan.vol.3.issue3.14



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*